# ਕਹਾਣੀ:- ਨਾੜਾਂ ਵਿਚ ਜੰਮਿਆ ਖ਼ੂਨ



ਜਸਪਾਲ ਮਾਨਖੇੜਾ
+9197800-42156
#27388, ਗਲੀ ਨੰ.3
ਲਾਲ ਸਿੰਘ ਨਗਰ
ਬਠਿੰਡਾ।

ਸਵੇਰੇ ਜਦੋਂ ਮੈਂ ਤਿਆਰ ਹੋ ਕੇ ਘਰੋਂ ਨਿਕਲਿਆ ਤਾਂ ਕਲੋਨੀ ਦੇ ਪਾਰਕ ਵਿੱਚ ਕੋਇਲ ਕੂਹ ਕੂਹ ਕਰ ਰਹੀ ਸੀ। ਕੋਇਲ ਦੀ ਖ਼ੂਬਸੂਰਤ ਮਿੱਠੀ ਤੇ ਦਰਦ ਭਰੀ ਆਵਾਜ਼ ਨੇ ਮੇਰਾ ਚਿੱਤ ਖੁਸ਼ ਕਰ ਦਿੱਤਾ। ਸਕੂਟਰ ਵੀ ਪਹਿਲੀ ਕਿੱਕ ਨਾਲ ਹੀ ਸਟਾਰਟ ਹੋ ਗਿਆ ਸੀ। ਰਾਤ ਤੇਲ ਬੰਦ ਕਰ ਦਿੱਤਾ ਸੀ। ਨਹੀਂ ਤਾਂ ਸਵੇਰੇ ਸਟਾਰਟ ਕਰਨ ਵੇਲੇ ਹੀ ਮੂਡ ਖ਼ਰਾਬ ਕਰ ਦਿੰਦਾ ਹੈ।

ਹੁਣ ਠੀਕ ਮੂਡ 'ਚ ਕੋਇਲ ਵਾਂਗ ਮਿੱਠਾ ਮਿੱਠਾ ਸੰਗੀਤ ਮੇਰੇ ਜ਼ਿਹਨ 'ਚੋਂ ਉਪਜਣ ਲਗਾ। ਗੁਰੂ ਨਗਰੀ ਜਾਣ ਲਈ ਮੈਂ ਸਕੂਟਰ ਭਜਾਈ ਜਾ ਰਿਹਾ ਸੀ। ਕਿਸੇ ਮੈਨੂੰ ਆਵਾਜ਼ ਦਿੱਤੀ....

“ਰਵੀ ਬਾਬੂ, ਵਾਹਰ ਜੀ ਕੇ ਫਤਿਹ....।”

ਮੈਂ ਆਵਾਜ਼ ਪਛਾਣ ਲਈ ਤੇ ਸੈਰ ਕਰਦਾ ਫਿਰਦਾ ਗੁਰਮੁੱਖ ਸਿੰਘ ਵੀ....।

"ਗੁਰੂ ਨਗਰੀ ਚੱਲਿਐਂ.... ਦਰਬਾਰ ਸਾਹਬ ਜਾਨਾਂ ਹੁੰਨੈ.... ਕਿ ਤੂੰ ਤਾਂ....।” ਉਹ ਗੱਲ ਅਧੂਰੀ ਛੱਡ ਗਿਆ।

"ਹਾਂ ਵੱਡੇ ਭਾਈ.... ਕਿਉਂ ਨ੍ਹੀਂ, ਉਹ ਤੇਰਾ ਕੱਲੇ ਦਾ ਤਾਂ ਹੈਨੀਂ....।”

"ਆਹ ਹੋਈ ਨਾ ਗੱਲ.... ਐਂ ਕਰੀਂ, ਇੱਕ ਕਿਤਾਬ ਲਿਆ ਕੇ ਦੇਈਂ ਉਥੋਂ ਪਿੰਗਲ ਵਾੜੇ ਵਾਲਿਆਂ ਨੇ ਛਾਪੀ ਐ.... " ਆਪਣੀ ਜੇਬ 'ਚੋਂ ਪਰਚੀ ਕੱਢ ਕੇ ਉਸ ਮੈਨੂੰ ਫੜਾ ਦਿੱਤੀ।

ਮੈਂ ਸਕੂਟਰ ਫੇਰ ਤੋਰ ਲਿਆ।

ਚੀਫ਼ ਦੀ ਪ੍ਰਮੋਸ਼ਨ ਹੋਣ ਤੋਂ ਬਾਅਦ ਮੇਰੀ ਬਦਲੀ ਗੁਰੂ ਨਗਰੀ ਹੋ ਗਈ ਸੀ। ਮੇਰੇ ਨਾਲ ਦੇ ਦੋ ਕੁਲੀਗ ਲੋਹ ਨਗਰੀ ਸਨ। ਇੱਕ ਰਾਜਧਾਨੀ ਦੇ ਨਾਲ ਲਾਗਵੇਂ ਸ਼ਹਿਰ। ਸਾਡੀ ਆਪਸੀ ਖਹਿਬਾਜ਼ੀ ਸਾਡੀ ਵਾਪਸੀ ਵਿੱਚ ਅੜਿੱਕਾ ਬਣੀ ਪਈ ਸੀ। ਮੁੱਖ ਦਫਤਰ ਵਾਲੇ ਦੋ ਲੱਖ ਮੰਗਦੇ ਸਨ, ਚਾਰਾਂ ਦੀਆਂ ਪੋਸਟਾਂ ਦੇਣ ਦਾ। ਉਹ ਤਿੰਨੋਂ ਤਿਆਰ ਸਨ। ਮੇਰੇ ਆਦਰਸ਼ ਹੀ ਮੇਰੇ ਸਾਹਮਣੇ ਆ ਖੜਦੇ ਹਨ। ਮੇਰੀ ਵਿਚਾਰਧਾਰਾ ਮੇਰਾ ਰਾਹ ਰੋਕਦੀ ਹੈ। ਜਿਸ 'ਤੇ ਮੈਂ ਡੱਟ ਕੇ ਪਹਿਰਾ ਤਾਂ ਨਹੀਂ ਦੇ ਸਕਿਆ.... ਪਰ ਵੱਡੀ ਵੀ ਨਹੀਂ।

ਮੈਂ ਵੀ ਉਨ੍ਹਾਂ ਨਾਲ ਖੱਜਲ ਖੁਆਰ ਹੋ ਰਿਹਾ ਹਾਂ। ਜਾਂ ਉਹ ਮੇਰੇ ਕਰਕੇ ਖੁਆਰ ਹੋ ਰਹੇ ਹਨ। ਸਕੂਟਰ ਸਟੈਂਡ 'ਤੇ ਸਕੂਟਰ ਲਾਇਆ। ਸਟੈਂਡ ਦਾ ਕਰਿੰਦਾ ਖੋਖੇ 'ਚੋਂ ਹੀ ਬੋਲ ਪਿਆ,

"ਬਾਬੂ ਜੀ ਕਾਨਵੇਂ ਪੱਚੀ...।"

ਉਸ ਪਰਚੀ ਮੇਰੇ ਹੱਥ ਫੜਾ ਦਿੱਤੀ। ਮੈਂ ਵੇਖਿਆ ਉਸ ਇੱਕ ਦੀ ਥਾਂ ਦੇ ਪਰਚੀਆਂ ਪਾੜ

ਦਿੱਤੀਆਂ ਸਨ।

"ਆਹ ਲੈ ਯਾਰ.... ਤੂੰ ਨਵਾਂ ਮੋਟਰ ਸਾਈਕਲ ਕਿੱਥੋਂ ਭਰੇਂਗਾ... ਜੇ ਮੈਂ ਇਸ 'ਤੇ ਲਿਖ ਲਵਾਂ ਤਾਂ।"

"ਮਿਹਰਬਾਨੀ ਬਾਬੂ ਜੀ... ਰਾਤ ਲੇਟ ਸੁੱਤਾ ਸੀ... ਹੁਣ ਜਲਦੀ ਉਠ ਪਿਆਂ, ਰਾਤ ਠੇਕੇਦਾਰ ਦਾ ਮੁੰਡਾ ਸਾਲਾ ਲਗਾੜਾ ਢਾਈ ਜੋੜ ਕੇ ਬੈਠਾ ਰਿਹਾ ਏਥੇ....।"

ਮੈਂ ਪਰਚੀ ਬਟੂਏ ਦੀ ਅੰਦਰਲੀ ਜੇਬ 'ਚ ਪਾ ਕੇ ਸਕੂਟਰ ਸਟੈਂਡ ਤੋਂ ਬਾਹਰ ਹੀ ਨਿਕਲਿਆ ਸਾਂ ਕਿ ਗੁਰੂ ਨਗਰੀ ਦੀ ਏ .ਸੀ. ਬੱਸ ਕਾਊਂਟਰ ਛੱਡ ਬੱਸ ਸਟੈਂਡ ਦੇ ਗੇਟ ਤੱਕ ਆ ਗਈ ਸੀ।

ਇਸ ਰੂਟ 'ਤੇ ਸਮਾਜ ਭਲਾਈ ਮੰਤਰੀ ਦੀਆਂ ਬੱਸਾਂ ਹੀ ਚੱਲਦੀਆਂ ਹਨ। ਉਸ ਦੀ ਕੰਪਨੀ ਦਾ ਹੀ ਏਕਾ ਅਧਿਕਾਰ ਹੈ।

"ਨਹੀਂ ਬਾਬੂ ਸੀਟ ’ਤੇ ਲੰਮਾ ਨੀਂ ਪੈਣਾ।" ਕੰਡਕਟਰ ਉਚਾ ਲੰਬਾ ਜਵਾਨ ਸੀ। ਖੂੰਖਾਰ ਚਿਹਰੇ ਵਾਲ। ਕੰਡਕਟਰ ਤਾਂ ਉਹ ਲੱਗਦਾ ਹੀ ਨਹੀਂ ਸੀ। ਉਸ ਦੀ ਬੋਲੀ ਤਾਂ ਪੁਲੀਸ ਵਾਲਿਆਂ ਤੋਂ ਵੀ ਰੁਖ਼ੀ ਸੀ। ਉਸ ਦੇ ਬੋਲਾਂ ਨੇ ਮੇਰਾ ਤਰਾਹ ਕੱਢ ਦਿੱਤਾ।

“ਕਿਉਂ ਭਾਈ.... ਖਾਲੀ ਸੀਟ ਐ.... ਜਦੋਂ ਕੋਈ ਸਵਾਰੀ ਆਈ ਮੈਂ ਉਠ ਜੂ....। ਟੇਢਾ ਹੋਇਆ ਮੈਂ ਫ਼ਿਰ ਸਿੱਧਾ ਬੈਠ ਗਿਆ।

“ਬਾਬੂ ਕੰਮ ਕੀ ਕਰਦੈਂ ਤੂੰ ਭਲਾਂ ਜੇ ਤੇਰੀ ਦੁਕਾਨ ਦੇ ਕਾਊਂਟਰ 'ਤੇ ਸੌਂ ਜੇ ਕੋਈ.... ਸਾਡੀ ਵੀ ਏਹ ਦੁਕਾਨਦਾਰੀ ਐ. . ਬਸ ਤੈਨੂੰ ਕਹਿਤਾ ਪੈਣਾ ਨ੍ਹੀਂ....।’

ਕੰਡਕਟਰ ਟਿਕਟਾਂ ਕੱਟ ਕੇ ਡਰਾਈਵਰ ਕੋਲ ਜਾ ਬੈਠਾ। ਧੀਮੀ ਚਲਦੀ ਮਾਡਰਨ ਤਰਜ਼ਾਂ ਵਾਲੀ ਧਾਰਮਿਕ ਗਾਣਿਆਂ ਦੀ ਸੀ.ਡੀ. ਹੋਰ ਤੇਜ਼ ਕਰ ਦਿੱਤੀ।

ਮੇਰੇ ਮਨ ਵਿੱਚ ਕੰਡਕਟਰ ਦਾ ਛੱਪਾ ਪੈ ਗਿਆ। ਕੰਡਕਟਰ ਮੈਨੂੰ ਕਿਸੇ ਰਾਜ ਦਰਬਾਰ ਦਾ ਕੋਤਵਾਲ ਜਾਪਿਆ। ਇਸ ਕੰਪਨੀ ਦਾ ਰਾਜ ਈ ਐ.... ਸਮਾਜ ਭਲਾਈ ਮੰਤਰੀ ਦੀ ਤੂਤੀ ਬੋਲਦੀ ਐ....।

‘.... ਤੂੰ ਨੀਂ ਬੋਲਦੀ ਰਕਾਨੇ.... ਤੂੰ ਨੀਂ ਬੋਲਦੀ, ਸੋਚਦਾ ਹੋਇਆ ਮੈਂ ਸੌਣ ਦੀ ਕੋਸ਼ਿਸ਼ ਕਰਨ ਲੱਗਾ ਕੂਹ ਕੂਹ ਨਾਲ ਜੁੜਨ ਦੀ ਕੋਸ਼ਿਸ਼ ਕਰਨ ਲੱਗਾ। , ਤੇਰੇ 'ਚ ਤੇਰਾ ਯਾਰ ਬੋਲਦਾ- ' ਸਵੇਰੇ ਸਵੇਰੇ ਸੁਣੀ ਕੋਇਲ ਦੀ।

ਆਪਣੇ ਸ਼ਹਿਰ ਨਾਲੋਂ ਟੁੱਟ ਕੇ ਮੈਂ ਗੁਰੂ ਨਗਰੀ ਦੀ ਇਸ ਡਿਊਟੀ ਨਾਲ ਜੁੜ ਨਹੀਂ ਸਕਿਆ ਸੀ। ਸਕਤਿਆਂ ਨੇ ਜੁੜਨ ਹੀ ਨਹੀਂ ਦਿੱਤਾ ਤੇ ਆਪਣੇ ਸ਼ਹਿਰ ਦੀ ਸੂਝ ਸਿਆਣਪ, ਮਿਹਨਤ-ਮੁਸ਼ਕਤ, ਤਜਰਬਾ ਇਥੇ ਕੰਮ ਨਹੀਂ ਆਏ ਸਨ। ਇਥੋਂ ਦੇ ਲੋਕਲ ਮੁਲਾਜ਼ਮਾਂ, ਮੇਰੇ ਕੁਲੀਗਜ਼ ਨੇ ਮੈਨੂੰ ਸਰਪਲੱਸ ਕਰਕੇ ਬਹਾਇਆ ਹੋਇਆ ਸੀ। ਮੈਂ ਵੀ ਦਿਨ ਕੱਟੀ ਤੇ ਟਾਈਮ ਪਾਸ ਕਰ ਰਿਹਾ ਸਾਂ। ਦਫ਼ਤਰ 'ਚ ਬੈਠਣਾ ਜਦੋਂ ਮੁਹਾਲ ਹੋ ਗਿਐ ਤਾਂ ਮੈਂ ਟਾਈਮ ਪਾਸ ਕਰਨ ਲਈ ਕਾਲੇ ਭਲਵਾਨ ਦੇ ਢਾਬੇ 'ਤੇ ਆ ਗਿਆ। ਹੁਣ ਇਹ ਨਾਂਅ ਦਾ ਹੀ ਢਾਬਾ ਰਹਿ ਗਿਆ ਸੀ ਤੇ ਕਾਲਾ ਨਾਮ ਦਾ ਹੀ ਪਹਿਲਵਾਨ....। ਪਹਿਲਵਾਨਾਂ ਵਾਲਾ ਉਸ ਵਿੱਚ ਕੁਝ ਵੀ ਨਹੀਂ ਸੀ। ਲੰਬਾ ਜਰਖਲਿਆ ਸਰੀਰ, ਨਸ਼ੇ ਦੀ ਨਾਸ ਕੀਤੀ ਦੇਹ, ਹਰ ਤਰ੍ਹਾਂ ਦੀ ਤੋਟ ਦਾ ਭੰਨਿਆ ਕਾਲਾ.... ਧੂਏ ਤੇ ਸਿੱਲ੍ਹ ਕਾਰਨ ਕਾਲੇ ਹੋਏ ਢਾਬੇ ਵਿੱਚ ਦਿਨ ਕੱਟੀ ਕਰ ਰਿਹਾ ਸੀ।

ਗੁਰੂ ਨਗਰੀ ਦੇ ਸਭ ਤੋਂ ਵੱਡੇ ਤੀਰਥ ਸਥਾਨ ਨੂੰ ਜਾਂਦੀ ਸੜਕ ਦੇ ਬਾਜ਼ਾਰ ਵਿੱਚ ਕਾਲੇ ਦੇ ਢਾਬੇ ਦੀ ਮਾਰਕੀਟ ਵੈਲਿਊ ਭਾਵੇਂ ਅੱਜ ਲੱਖਾਂ ਸੀ ਪਰ ਭਲਵਾਨ ਵਾਂਗ ਹੀ ਉਸ ਦਾ ਢਾਬਾ ਵੀ ਕੱਖਾਂ ਦਾ ਹੋਇਆ ਪਿਆ ਸੀ। ਉਸ ’ਤੇ ਗਾਹਕ ਵੀ ਕੱਖੋਂ ਹੌਲੇ ਆਉਂਦੇ ਸਨ। ਪਾਣੀ ਗਲਾਸ ਕਾਲੇ ਤੋਂ ਲੈ ਕੇ ਇੱਕੋ ਸਾਹ ਸ਼ਰਾਬ ਪੀਣ ਵਾਲੇ। ਚਾਹ ਨਾਲ ਕੋਈ ਨਸ਼ਾ ਕਰਨ ਵਾਲੇ.... ਕੋਈ ਰੂੰਗਾ ਝੂੰਗਾ ਕਾਲੇ ਨੂੰ ਵੀ ਮਿਲ ਜਾਂਦਾ।

ਮੈਨੂੰ ਇੱਥੇ ਆ ਕੇ ਸਕੂਨ ਮਿਲਦਾ। ਕਾਲੇ ਨਾਲ ਜਾਣ ਪਛਾਣ ਵਧ ਗਈ ਤਾਂ ਉਹ ਮੇਰੀ ਇੱਜ਼ਤ ਵੀ ਕਰਨ ਲੱਗਾ....।

"ਸਰ ਜੀ ਮੇਰਾ ਕੰਮ ਕਰ ਦਿਓ ਧਾਡੀ ਕਾਰਪੋਰੇਸ਼ਨ 'ਚੋਂ ਆਹ ਦੁਕਾਨ ਜੇ....।" ਮੈਂ ਕਾਲੇ ਨੂੰ ਲਾਰੇ ਲਾਈ ਆਉਂਦਾ ਸਾਂ। ਟਾਲੀ ਜਾਂਦਾ ਸੀ। ਸੱਚ ਦੱਸ ਕੇ ਆਪਣਾ ਟਿਕਾਣਾ ਖ਼ਤਮ ਨਹੀਂ ਕਰਨਾ ਚਾਹੁੰਦਾ ਸਾਂ।

ਹੁਣ ਵੀ ਕਾਲੇ ਨੂੰ ਟਾਲ ਕੇ ਹਟਿਆ ਸਾਂ ਕਿ ਧਾੜ ਦੀ ਧਾੜ ਕਾਲੇ ਨੂੰ ਆ ਪਈ। ਉਸ ਦਾ ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ। ਕਾਊਂਟਰ ਚੁੱਕ ਕੇ ਗੱਡੀ 'ਚ ਸੁੱਟਣ ਲੱਗੇ। ਇੱਕ ਹੱਟੇ ਕੱਟੇ ਦੈਂਤ ਵਰਗੇ ਮੁਲਾਜ਼ਮ ਨੇ ਕਾਲੇ ਨੂੰ ਗਾਲ੍ਹਾਂ ਦੀ ਸੂੜ ਧਰੀ ਹੋਈ ਸੀ। ਦਬਕੇ, ਡਰਾਵੇ, ਧਮਕੀਆਂ ਉਪਰ ਗਾਲਾਂ ਦਾ ਪਲੇਥਣ ਲਾ ਉਹ ਇੱਕ ਅੱਧ ਧੌਲ ਧੱਫ਼ਾ ਵੀ ਕਰ ਗਿਆ ਸੀ।

"ਚੀਫ਼ ਸਾਹਬ ਤੁਹੀਂ ਬਾਹਰ ਚਲੋ, ਤੁਹੀਂ ਸਾਡੇ ਅਫ਼ਸਰ ਜੇ.... ਕਿਤੇ ਐਵੇਂ ਵਿਚ ਵਲੀਂਦੇ ਹੋਵੋਂ.... ਜੇ ਮੰਤਰੀ ਸਾਹਬ ਨੂੰ ਪਤਾ ਚੱਲ ਗਿਆ ਕਿਧਰੇ...।’

ਮੈਨੂੰ ਇਕਦਮ ਕਾਲੇ ਦੇ ਕਾਲੇ ਲੇਖ ਭੁਲ ਗਏ। ਮੇਰੇ ਮਨ ਵਿੱਚ ਮੀਸਣੇ ਮੰਤਰੀ ਦਾ ਚਿਹਰਾ ਘੁੰਮ ਗਿਆ ਨਾਲ ਹੀ ਸਾਡੇ ਬਰਾਂਚ ਅਫ਼ਸਰ ਦਾ। ਮੈਂ ਉਥੇ ਪਲ ਭਰ ਵੀ ਨਾ ਰੁੱਕਿਆ ਧਾੜ ਤੋਂ ਆਪਾ ਬਚਾਉਂਦਾ ਬਾਹਰ ਆ ਗਿਆ।

ਟਾਊਨ ਸੈਂਟਰ ਦੇ ਦਫ਼ਤਰ ਦੇ ਪਾਰਕ ਵਿੱਚ ਆਪਾ ਲਕਾਉਂਦਾ ਲੁਕਵੇਂ ਖੂੰਜੇ 'ਚ ਆ ਬੈਠਾ। ਆਪਣੇ ਦਫ਼ਤਰ ਆਪਣੀ ਸੀਟ 'ਤੇ ਜਾਣ ਨੂੰ ਮੇਰੀ ਵੱਢੀ ਰੂਹ ਨਾ ਕੀਤੀ। ਉਥੇ ਬ੍ਰਾਂਚ ਅਫ਼ਸਰ ਤੇ ਉਸ ਦੀ ਜੁੰਡਲੀ ਦੀਆਂ ਚਾਲਾਂ, ਸਾਜ਼ਸ਼ਾਂ ਮੇਰੀ ਰੂਹ ਨੂੰ ਜ਼ਖ਼ਮੀ ਕਰੀ ਰੱਖਦੀਆਂ ਸਨ। ਉਹਨਾਂ ਦੀ ਮੇਰੇ ਨਾਲ ਈਰਖਾ। ਮੈਂ ਜਲਾਲਤਾ ਦੀ ਹੱਦ ਤੱਕ ਸਹਿਣ ਕਰ ਰਿਹਾ ਸਾਂ। ਬਚਪਨ 'ਚ ਮੈਂ ਛਿੰਦੂ ਦੀ ਤੜੀ ਸਹਿਣ ਨਹੀਂ ਕੀਤੀ ਸੀ...।

ਛੇਵੀਂ ਜਮਾਤ ਵਿੱਚ ਪਿੰਡੋਂ ਚਾਰ ਕੋਹ ਵਾਟ ਸਕੂਲ ਵਿੱਚ ਪੜ੍ਹਨ ਲੱਗਾ ਸਾਂ। ਸਾਡੇ ਘਰ ਵਿੱਚ ਸਾਈਕਲ ਨਹੀਂ ਸੀ। ਨਾ ਹੀ ਕੋਈ ਬੱਸ ਜਾਂਦੀ ਸੀ। ਅੱਠ ਕੋਹ ਰੋਜ਼ਾਨਾ ਤੁਰ ਕੇ ਮੇਰੀ ਭੂਤਨੀ ਭੁੱਲ ਜਾਂਦੀ।

ਸਾਡੇ ਗਵਾਂਢੀਆਂ ਦਾ ਛਿੰਦੂ ਉਦੋਂ ਅੱਠਵੀਂ 'ਚ ਪੜ੍ਹਦਾ ਸੀ ਤੇ ਸਾਈਕਲ 'ਤੇ ਜਾਂਦਾ ਹੁੰਦਾ ਸੀ। ਉਹ ਮੈਨੂੰ ਆਪਣੇ ਨਾਲ ਲਿਜਾਣ ਲੱਗਾ। ਮੇਰੀ ਮਾਂ ਵੀ ਉਨ੍ਹਾਂ ਦੇ ਘਰੇ ਉਸ ਦੀ ਮਾਂ ਨੂੰ ਆਖ ਆਈ ਸੀ, "ਕੁੜੇ ਅੰਮਾ ਜੀ.. ਸੋਡੇ ਛਿੰਦੂ ਨੂੰ ਕਹਿਦੇ, ਸਾਡੇ ਛੋਹਰ ਨੂੰ ਲੈ ਜਿਆ ਕਰੇ ਆਵਦੇ ਸੈਂਕਲ 'ਤੇ ....।'

ਛਿੰਦੂ ਮੈਨੂੰ ਅੱਗੇ ਡੰਡੇ 'ਤੇ ਬਹਾ ਕੇ ਲਿਜਾਂਦਾ। ਪਿਛਲੇ ਕੈਰੀਅਰ 'ਤੇ ਉਹ ਸਾਡੇ ਦੋਵੇਂ ਬਸਤੇ ਟੰਗ ਲੈਂਦਾ। ਕਈ ਦਿਨਾਂ ਬਾਅਦ ਮੈਨੂੰ ਲੱਗਿਆ ਕਿ ਉਹ ਜਾਣ ਬੁਝ ਕੇ ਮੇਰੇ ਨਾਲ ਘਿਸਰਦਾ ਹੈ। ਮੂੰਹ ਕੋਲ ਮੂੰਹ ਲਿਜਾ ਕੇ ਜ਼ੋਰ-ਜ਼ੋਰ ਦੀ ਸਾਈਕਲ ਭਜਾਉਂਦਾ ਹੈ।

ਮੈਨੂੰ ਕਚਿਆਣ ਆਉਣ ਲੱਗਦੀ, ਗੁੱਸਾ ਵੀ...।

ਕਈ ਦਿਨਾਂ ਬਾਅਦ ਸਾਰੀ ਛੁੱਟੀ ਪਿੱਛੋਂ ਸਿਖਰ ਦੁਪਹਿਰੇ ਅਸੀਂ ਘਰ ਨੂੰ ਆ ਰਹੇ ਸਾਂ। ਛਿੰਦੂ ਸ਼ਰਾਰਤਾਂ ਕਰਨ ਲੱਗਾ। ਉਹ ਸਾਈਕਲ ਭਜਾ ਕੇ, ਦੋਵੇਂ ਲੱਤਾਂ ਨਾਲ ਮੈਨੂੰ ਡੰਡੇ ਤੋਂ ਚੁੱਕ ਕੇ, ਆਪਣੇ ਨਾਲ ਲਿਆ ਕਰੇ। ਆਪਣਾ ਮੂੰਹ ਮੇਰੀ ਗੱਲ੍ਹ ਦੇ ਨੇੜੇ ਲੈ ਜਾਇਆ ਕਰੇ।

"ਰੋਕ ਛਿੰਦੂ... ਮੈਂ ਨੀਂ ਜਾਂਦਾ ਤੇਰੇ ਨਾਲ. .।" ਮੈਂ ਸਾਈਕਲ ਤੋਂ ਉਤਰ ਗਿਆ। "ਉਏ ਬੈਠ ਵੀ ਯਾਰ.. ਤੂੰ ਤਾਂ ਉਂਈ...।" ਉਹ ਬਾਂਹ ਫੜ ਕੇ ਧੱਕੇ ਨਾਲ ਬਿਠਾਉਣ ਲੱਗਾ।

ਮੇਰੇ ਧੱਕਾ ਮਾਰਨ 'ਤੇ ਉਹ ਸਾਈਕਲ ਸਮੇਤ ਸੰਭਲ ਨਾ ਸਕਿਆ, ਡਿੱਗ ਪਿਆ। ਮੈਂ ਗੁਸੇ ਵਿੱਚ ਡਿੱਗੇ ਪਏ ਸਾਈਕਲ ਦੇ ਚੇਨਕਵਰ 'ਤੇ ਕਰੜੇ ਬੂਟ ਦਾ ਠੇਡਾ ਮਾਰਿਆ। ਦੂਜੇ ਠੇਡੇ ਨਾਲ ਚੇਨ ਕਵਰ ਵਿੰਗਾ ਹੋ ਗਿਆ।

ਮੈਂ ਆਪਣਾ ਬਸਤਾ ਚੁੱਕ ਕੇ ਘਰ ਨੂੰ ਤੁਰ ਪਿਆ ਸਾਂ।

"ਕਿੱਦਾਂ ਚੀਫ਼ ਸਾਹਬ.... ਏਤਰਾਂ ਲੁਕੇ ਜੇ ਬੈਠੇ ਹੋ, ਉਥੋਂ ਕਾਲੇ ਦੇ ਢਾਬੇ ਤੋਂ ਆ ਕੇ....।" ਮੇਰੀਆਂ ਸੋਚਾਂ ਦੀ ਲੜੀ ਦਫ਼ਤਰ ਦੇ ਇੱਕ ਸੇਵਾਦਾਰ ਨੇ ਆ ਤੋੜੀ।

"ਨਈਂ ਯਾਰ... ਚਿੱਤ ਠੀਕ ਨੀਂ ਕੁੱਝ ਕੁੱਝ..।"

"ਦਵਾਈ ਲਵੋ ਸਰ.... ਕੋਈ ਓਹੜ ਪੋਹੜ ਕਰੋ ਕਿ.... ਏਤਰਾਂ ਛੁਪੇ ਤੋਂ ਤਾਂ ਨਹੀਂ ਜੇ ਸਰਨਾ।"

“ਨਹੀਂ ਨਹੀਂ.... ਐਂ ਤਾਂ ਠੀਕ ਐ... ਏਹ ਕਾਲੇ ਦਾ ਕੀ ਰੌਲਾ ਐ .... !" ਮੇਰੇ 'ਤੇ ਅਟਕੀ ਗੱਲ ਕਾਲੇ ਵੱਲ ਤਿਲਕਾਅ ਦਿੱਤੀ ਤੇ ਉਹ ਸੇਵਾਦਾਰ ਫਿਰ ਸਟਾਰਟ ਹੋ ਗਿਆ, “ਧਾਨੂ ਜਿਤਰਾਂ ਪਤਾ ਈ ਨਹੀਂ ਹੁੰਦਾ....।"

ਮੈਨੂੰ ਸੱਚਮੁੱਚ ਹੀ ਬਹੁਤਾ ਪਤਾ ਨਹੀਂ ਸੀ। ਉਸੇ ਸੇਵਾਦਾਰ ਨੇ ਹੀ ਅੰਦਰੂਨੀ ਗੱਲ ਦੱਸੀ।... ਕਾਲੇ ਕੋਲ ਏਹ ਦੁਕਾਨ ਸਿਰਫ਼ ਦੋ ਸੌ ਰੁਪਏ ਕਿਰਾਏ 'ਤੇ ਹੈ। ਗੁਰੂ ਬਾਜ਼ਾਰ ਵੱਲ ਨਿਕਲੀ ਨਵੀਂ ਸੜਕ ਨੇ ਇਸ ਦੁਕਾਨ ਨੂੰ ਰਾਤੋ ਰਾਤ ਕੱਖਾਂ ਤੋਂ ਲੱਖਾਂ ਦੀ ਬਣਾ ਦਿੱਤਾ। ਇਸ ਇਕੱਲੀ ਦੁਕਾਨ ਹੀ ਨਹੀਂ ਸਗੋਂ ਇਸ ਅਣਗੌਲੇ ਭੀੜੇ ਬਜ਼ਾਰ ਦੀ ਕਿਸਮਤ ਪਲਟ ਗਈ ਸੀ।

ਇਸੇ ਫੇਰ ਬਦਲ 'ਚ ਹੀ ਕਾਲੇ ਦੀ ਕਿਸਮਤ ਪਲਟਾ ਖਾ ਗਈ। ਦੁਕਾਨ ਮਾਲਕ ਮੰਤਰੀ ਦਾ ਨੇੜਲਾ ਸੀ। ਮੰਤਰੀ ਨੇ ਹੀ ਵੋਟਰਾਂ ਵਾਸਤੇ ਕਾਰਪੋਰੇਸ਼ਨਾਂ ਦੇ ਪਾਰਕ 'ਚੋਂ ਚਾਲੀ ਫੁੱਟ ਚੌੜੀ ਸੜਕ ਕੱਢਕੇ ਇਸ ਭੀੜੇ ਬਾਜ਼ਾਰ ਨੂੰ ਗੁਰੂ ਬਾਜ਼ਾਰ ਨਾਲ ਜੋੜ ਦਿੱਤਾ ਸੀ।

ਕਾਲੇ ਨੇ ਮਾਲਕ ਨਾਲ ਕੋਈ ਸਮਝੌਤਾ ਨਾ ਕੀਤਾ। ਵਿੱਚ ਵਿਚਾਲਾ, ਝੁਕਣਾ ਕਾਲੇ ਦੇ ਸੁਭਾ ਦਾ ਅੰਗ ਨਹੀਂ ਸੀ। ਉਸ ਕਦੇ ਨਾ ਅਖਾੜੇ ਵਿੱਚ ਸਮਝੌਤਾ ਕੀਤਾ ਸੀ ਨਾ ਜ਼ਿੰਦਗੀ ਵਿੱਚ। ਉਹ ਤਾਂ ਜਿੱਤਣਾ ਜਾਣਦਾ ਸੀ ਜਾਂ ਹਾਰਨਾ....।

ਅੱਜ ਵੀ ਕਾਲਾ ਭਲਵਾਨ ਹਾਰ ਗਿਆ....।

ਮੇਰੇ ਸਾਹਮਣੇ.... ਕਾਰਪੋਰੇਸ਼ਨ ਦੇ ਮੁਲਾਜ਼ਮ ਕਾਲੇ ਦਾ ਪਾਣੀ ਦਾ ਕੁਨੈਕਸ਼ਨ ਕੱਟ ਗਏ। ਧੱਕੇ ਮਾਰ ਗਏ। ਇੱਕ ਅੱਧ ਥੱਪੜ ਵੀ। ਦੁਕਾਨ ਤੇ ਪਿਆ ਕਾਊਂਟਰ ਤੇ ਹੋਰ ਸਮਾਨ ਚੁੱਕ ਕੇ ਸਰਕਾਰੀ ਗੱਡੀ ਵਿੱਚ ਸੁੱਟ ਲਿਆ। ਪੁਲੀਸ ਕਾਲੇ ਨੂੰ ਜਿਪਸੀ 'ਚ ਸੁੱਟ ਕੇ ਲੈ ਗਈ।

ਨਾਲ ਹੀ ਕਾਲੇ ਦੀ ਦੁਕਾਨ 'ਤੇ ਬੈਠੇ ਦੋ ਰਿਕਸ਼ੇ ਵਾਲੇ ਸਮੇਤ ਠੇਕੇ ਦੀ ਬੋਤਲ ਤੇ ਜੱਗ-ਗਲਾਸ ਦੇ....।

ਮੇਰੇ ਪੇਟ 'ਚ ਗੜੂੰ ਗੜ੍ਹੀ ਹੋਣ ਲੱਗੀ। ਮੇਰੇ ਅੰਦਰ ਐਨਾ ਮੁਆਦ ਇਕਠਾ ਹੋ ਗਿਆ ਕਿ ਜੇ ਮੈਂ ਇਹ ਬਾਹਰ ਨਾ ਕੱਢਿਆ ਤਾਂ ਮੇਰਾ ਪੇਟ ਫਟ ਜਾਵੇਗਾ। ਮੇਰਾ ਪੇਟ ਪਾਕ ਨਾਲ ਭਰੇ ਹੋਏ ਫੋੜੇ ਵਾਂਗ ਫਿਸੂ ਫਿਸੂ ਕਰਨ ਲੱਗਾ। ਮਿੰਟਾਂ ਸਕਿੰਟਾਂ ਵਿੱਚ ਹੀ ਮੇਰੇ ਅੰਦਰ ਖ਼ਬਰੇ ਕੀ ਹੋਇਆ ਕਿ ਮੈਂ ਯੂਨੀਅਨ ਦੇ ਦਫ਼ਤਰ 'ਚ ਬਣੀ ਫਲਸ਼-ਲੈਟਰੀਨ ਤੱਕ ਮਸਾਂ ਅੱਪੜਿਆ। ਸ਼ੁਕਰ ਮਨਾਇਆ ਕਿ ਫਲੱਸ਼ ਖਾਲੀ ਸੀ, ਗੇਟ ਖੁੱਲ੍ਹਾ ਸੀ....ਨਹੀਂ ਤਾਂ..

ਮੈਂ ਇੱਥੇ ਯੂਨੀਅਨਾਂ ਦੇ ਦਫ਼ਤਰਾਂ ਵਿੱਚ ਘੱਟ ਹੀ ਜਾਂਦਾ ਸੀ। ਸਾਡੇ ਸ਼ਹਿਰ ਸਾਡੇ ਦਫਤਰ ਦੀ ਇੱਕ ਯੂਨੀਅਨ ਵਾਂਗ ਇੱਥੇ ਮੁਲਾਜ਼ਮਾਂ ਦੀ ਇੱਕ ਯੂਨੀਅਨ ਨਹੀਂ. ਅਠਾਰਾਂ ਯੂਨੀਅਨਾਂ ਹਨ। ਵੱਖ ਵੱਖ ਬੈਨਰਾਂ ਹੇਠ। ਕਈ ਤਾਂ ਇਨ੍ਹਾਂ ਨੂੰ ਅਠਾਰਾਂ ਹੱਟਾਂ ਕਹਿੰਦੇ ਹਨ। ਸਾਡੇ ਸ਼ਹਿਰ ਦੇ ਬਾਰਾਂ ਹੱਟਾਂ ਬਾਜ਼ਾਰ ਵਾਂਗ....।

ਫਲੱਸ਼ ਤੋਂ ਫਾਰਗ ਹੋਣ ਤੋਂ ਬਾਅਦ ਮੈਨੂੰ ਯੂਨੀਅਨ ਦੇ ਦਫ਼ਤਰ ਵੀ ਜਾਣਾ ਪਿਆ। ਯੂਨੀਅਨ ਦੇ ਲੀਡਰਾਂ ਦੀਆਂ ਸਿਆਸੀ ਨੇਤਾਵਾਂ ਵਜੀਰਾਂ, ਮੁੱਖ ਮੰਤਰੀ ਨਾਲ ਤਸਵੀਰਾਂ ਨੇ ਕੰਧਾਂ ਭਰ ਰੱਖੀਆਂ ਸਨ।, ਵੱਡਾ ਵਾਲ ਕਲਾਕ ਵੀ ਇਸ ਖੇਤਰ ਦੇ ਜਰਨੈਲ ਦੀ ਫੋਟੋ ਵਾਲਾ ਸੀ।

ਪ੍ਰਧਾਨ ਪਤਲਾ, ਲੰਬਾ ਤੇ ਸ਼ਾਹ ਕਾਲਾ ਸੀ। ਉਸ ਫ਼ਿਲਮੀ ਬੌਸਾਂ ਵਾਂਗ ਮੇਰੇ ਨਾਲ ਹੱਥ ਮਿਲਾਇਆ। ਮੇਰਾ ਹੱਥ ਛੱਡਣ ਤੋਂ ਪਹਿਲਾਂ ਹੀ ਬੋਲਣ ਲੱਗਾ "ਚੀਫ਼ ਸਾਹਬ, ਮੈਨੂੰ ਨਾ ਕਹਿਣਾ...... ਮੈ ਧਾਡਾ ਇੰਸਪੈਕਟਰ ਰਗੜਨ ਲੱਗਾ ਜੇ....।

"ਕਿਉਂ ਪ੍ਰਧਾਨ ਜੀ... ਕੀ ਹੋ ਗਿਆ ?" ਮੈਂ ਹੱਥ ਨੂੰ ਥੋੜਾ ਜਿਹਾ ਖਿੱਚ ਕੇ ਉਸ ਤੋਂ ਛੁਡਾ ਲਿਆ ਤੇ ਧੜੱਮ ਕਰਕੇ ਕੁਰਸੀ 'ਤੇ ਬੈਠ ਗਿਆ।

"ਉਹਨੂੰ ਮੇਰਾ ਬੰਦਾ ਈ ਲੱਭਾ ਜੇ ਬਦਲੀ ਕਰਨ ਨੂੰ ਉਹਨੂੰ ਕਹਿ ਦਿਓ ਪਚਾਸੀ ਬੰਦੇ ਜੇ ਇਸ ਹਾਜਰੀ 'ਤੇ... ਆਉਂਦੇ ਮਹਾਂਅ ਪੰਝੀ ਜੇ ਮੈਂ ਹਲਫ਼ੀਆ ਬਿਆਨ ਕਰਵਾਉਣ ਭੇਜੇ ਨੇ ਬੰਦੇ...... ਨਾਲੇ ਮੀਡੀਆ ਬਲਾਊਂ।"

"ਮੇਰਾ ਕੀ ਏ.... ਮੈਨੂੰ ਕੀ ਏ।" ਮੇਰੇ ਅੰਦਰ ਭਰਿਆ ਗੁੱਸਾ ਬਾਹਰ ਨਹੀਂ ਨਿਕਲ ਰਿਹਾ ਸੀ। ਭੱਠੇ ਦੀ ਅੱਗ ਵਾਂਗ ਉਸ ਦੇ ਬਾਹਰ ਨਿਕਲਣ ਦੇ ਰਾਹ ਬੰਦ ਸਨ। ਉਹ ਮੇਰਾ ਅੰਦਰ ਸਾੜ ਰਿਹਾ ਸੀ।

"ਨਹੀਂ ਨਹੀਂ.... ਤੁਹੀਂ ਚੀਫ਼ ਜੇ ਧਾਡੇ ਨੋਟਿਸ 'ਚ ਹੋਣਾ ਚਾਹੀਦੈ ਸਭ ਕੁੱਝ....।"

"ਮੇਰੇ ਬਾਰੇ ਤਾਂ ਪ੍ਰਧਾਨ ਜੀ ਤੈਨੂੰ ਪਤਾ ਈ ਐ.... ਮੈਂ ਤਾਂ ਟਾਈਮ ਟਪਾਉਨਾਂ ਏਥੇ.... ਤੁਹਾਡੀ ਨਗਰੀ 'ਚ ਭਰਾਵਾ।"

"ਨਹੀਂ ਐਦਾ ਤੇ ਠੀਕ ਏ... ਮੈਂ ਤਾਂ ਉਸ ਇੰਸਪਕਟਰ ਨੂੰ ਈ ਟੰਗਣੈ.... ਵੱਡਾ ਅਫ਼ਸਰ ਬਣਨ ਡਿਹੈ ਅਖੇ ਮੈਂ ਟਿੱਕੇ ਦਾ ਬੰਦਾ ਈ ਬਦਲਣੇ ਜਿੱਤਰਾਂ ਟਿੱਕੇ ਨੇ ਗਾੜੀ ਚੂੜੀਆਂ ਪਾਈਆਂ ਜੇ....।" ਟਿੱਕੇ ਪ੍ਰਧਾਨ ਦੇ ਤੇਵਰ ਉਤਰਨ ਲੱਗੇ.... ਇੰਸਪੈਕਟਰ ਨੂੰ ਗੱਲ ਗੱਲ 'ਤੇ ਗਾਲ੍ਹ ਕੱਢਦਾ ਹੋਇਆ ਉਹ ਠੰਡਾ ਪੈ ਗਿਆ, "ਚੀਫ਼ ਸਾਹਬ ਓਤਰਾਂ ਮੇਰੀ ਗੱਲ੍ਹ ਹੋਗੀ ਬ੍ਰਾਂਚ ਅਫ਼ਸਰ ਨਾਲ ਆਂਹਦਾ ਮੈਂ ਕੈਂਸਲ ਕਰ ਦਿਨਾਂ ਆਡਰ... ਮੈਂ ਤਾਂ ਉਂਜ ਧਾਨੂੰ ਦਸਿਐ ਕਿ ਕਿੱਦਾਂ ਉਹ ਖਹਿਣ ਡਿਹੈ, ਟਿੱਕੇ ਪ੍ਰਧਾਨ ਨਾਲ।"

ਟਿੱਕੇ ਪ੍ਰਧਾਨ ਵਾਲੀ ਯੂਨੀਅਨ ਇਹਨਾਂ ਅਠਾਰਾਂ ਯੂਨੀਅਨਾਂ ਵਿੱਚੋਂ ਸਭ ਤੋਂ ਵੱਡੀ ਵੀ ਸੀ ਤੇ ਤਕੜੀ ਵੀ। ਉਹ ਤੇ ਉਹ ਦੇ ਬੰਦੇ ਕਹਿੰਦੇ ਹੁੰਦੇ ਸਨ-ਸਾਡੀ ਯੂਨੀਅਨ ਹੀ ਅਸਲ ਤੇ ਵੱਡੀ ਯੂਨੀਅਨ ਹੈ। ਮੈਨੂੰ ਇਨ੍ਹਾਂ ਦੀਆਂ ਅਠਾਰਾਂ ਯੂਨੀਅਨਾਂ 'ਬਾਈ ਮੰਜੀਆਂ' ਵਰਗੀਆਂ ਲਗਦੀਆਂ ਜਾਂ ਹਰਦੁਆਰ ਦੇ ਪਾਂਡਿਆਂ ਵਰਗੀਆਂ...।

ਬ੍ਰਾਂਚ ਅਫ਼ਸਰ ਅਤੇ ਟਿੱਕਾ ਪ੍ਰਧਾਨ ਇੱਕ ਦੂਜੇ ਦੇ ਖਾਸਮ ਖਾਸ ਸਨ। ਉਹ ਸਾਰੀ ਗੇਮ ਰਲਕੇ ਖੇਡਦੇ ਸਨ। ਟੀਮ ਵਾਂਗ, ਇੱਕ ਦੂਜੇ ਨੂੰ ਪਾਸ ਦੇ ਕੇ। ਦਫ਼ਤਰੀ ਅਤੇ ਪ੍ਰਬੰਧਕੀ ਕੰਮਾਂ ਲਈ ਬ੍ਰਾਂਚ ਅਫ਼ਸਰ ਅੱਗੇ ਆ ਜਾਂਦਾ। ਮੁਲਾਜ਼ਮ ਹਿੱਤਾਂ ਤੇ ਭਾਈਚਾਰੇ ਦਾ ਨਾਅਰਾ ਲਾ ਕੇ ਟਿੱਕਾ ਪ੍ਰਧਾਨ ਮੋਰਚਾ ਸਾਂਭ ਲੈਂਦਾ।

ਉਨ੍ਹਾਂ ਆਪਣੇ ਬੰਦੇ ਹੋਰ ਮੋਰਚੇ 'ਤੇ ਲਾਏ ਹੋਏ ਸਨ। ਮਲਾਈ ਹਰ ਥਾਂ ਪੁੱਜਦੀ ਸੀ। ਇਸ ਅਦਾਰੇ ਵਿੱਚ ਭ੍ਰਿਸ਼ਟਾਚਾਰ ਬੁਰੀ ਤਰ੍ਹਾਂ ਜੜ੍ਹਾਂ ਜਮਾਈ ਬੈਠਾ ਸੀ। ਉਹ ਦੋਵੇਂ...

ਇਸੇ ਕਰਕੇ ਮੈਂ ਇੱਥੋਂ ਭੱਜਣ ਦੀ ਕਰਦਾ। ਛੁੱਟੀਆਂ ਲਈ ਜਾਂਦਾ। ਅੱਜ ਵੀ ਜਦ ਬੱਸ ਗੁਰੂ ਨਗਰੀ ਤੋਂ ਬਾਹਰ ਨਿਕਲੀ ਤਾਂ ਮੇਰੇ ਫੇਫੜਿਆਂ ਵਿੱਚ ਭਰੀ ਗੰਦੀ ਹਵਾ ਵੀ ਬਾਹਰ ਨਿਕਲ ਗਈ। ਮੇਰਾ ਆਪਾ ਸਹਿਜ ਹੋਣ ਲੱਗਾ। ਤੇ ਹੁੰਦਾ ਹੁੰਦਾ ਸਹਿਜ ਹੋ ਗਿਆ। ਮੈਂ ਇਸ ਸਹਿਜ ਅਵਸਥਾ 'ਚ ਸੀ ਕਿ ਜੇਬ 'ਚੋਂ ਮੋਬਾਇਲ ਨੇ ਟੂ ਟੂ ਕੀਤੀ ਤੇ ਬੰਦ ਹੋ ਗਿਆ।

'ਕੀਹਦਾ ਹੋਇਆ.... ' ਸੋਚਦੇ ਨੇ ਜੇਬ 'ਚੋਂ ਫੋਨ ਕੱਢਿਆ। ਕੰਪਨੀ ਦਾ ਮੈਸੇਜ਼ ਸੀ।

'ਇਹ ਕੰਪਨੀਆਂ ਨੇ ਵੀ ਸਾਡੀ ਨਿੱਜੀ ਜ਼ਿੰਦਗੀ 'ਚ ਖ਼ਲਲ ਪਾ ਰੱਖਿਐ। ਬੈਡ ਰੂਮ ਤੇ ਬਾਥਰੂਮ ਤੱਕ ਖਹਿੜਾ ਨੀਂ ਛੱਡ ਦੀਆਂ....'

ਮੋਬਾਇਲ ਨਾਲ ਹੀ ਜੇਬ 'ਚੋਂ ਪਰਚੀ ਨਿਕਲ ਆਈ। ਪਰਚੀ ਗੁਰਮੁੱਖ ਸਿੰਘ ਵਾਲੀ ਸੀ। 'ਉਏ ਹੋਏ ਯਾਰ... ਮੈਂ ਤਾਂ ਭੁੱਲ ਈ ਗਿਆ....।' ਪਛਤਾਵਾ ਕਰਦੇ ਨੇ ਪਰਚੀ ਖੋਲ੍ਹ ਕੇ ਵੇਖੀ, ਲਿਖਿਆ ਸੀ 'ਈਦੀ ਅਬਦੁਲ ਸਤਾਰ : ਇੱਕ ਆਤਮ ਕਥਾ ਮੂਲ ਲੇਖਕਾ ਤਹਿਸੀਨਾ ਦੁਰਾਨੀ ਪੰਜਾਬੀ ਅਨੁਵਾਦ ਪ੍ਰਕਾਸ਼ਕ ਪਿੰਗਲਵਾੜਾ।"

'ਉਹ ਹੋ...... ਸੌਰੀ ਗੁਰਮੁੱਖ ਸਿਆਂ ਮੇਰੇ ਵੱਡੇ ਵੀਰਾ ਅਗਲੀ ਵਾਰ ਨੀ ਭੁੱਲਦਾ....।' ਸੋਚ ਕੇ ਮਨ ਨੂੰ ਧਰਵਾਸ ਦੇ ਲਿਆ ਤੇ ਮਨ ਤੋਂ ਬੋਝ ਵੀ ਲਾਹ ਲਿਆ।' ਮੋਬਾਈਲ ਫ਼ਿਰ ਵੱਜ ਪਿਆ। ਨੰਬਰ ਵੇਖ ਕੇ ਮਨ ਤੋਂ ਲਹਿ ਚੁੱਕਾ ਬੋਝ ਫ਼ਿਰ ਆ ਟਿੱਕਿਆ....।

"ਭਾਅ ਜੀ ਕਿੱਥੇ ਜੇ ਸਾਡੇ ਸ਼ਹਿਰ ਕਿ ਆਪਣੇ ਸ਼ਹਿਰ।" ਫੋਨ ਮੇਰੇ ਕੁਲੀਗ ਦਾ ਸੀ।

"ਮੈਂ ਤਾਂ ਭਰਾਵਾਂ ਤੇਰੇ ਤੇ ਮੇਰੇ ਸ਼ਹਿਰ ਦੇ ਵਿਚਕਾਰ ਲਮਕੀ ਜਾਨਾ.....।" ਬੱਸ 'ਚ ਆ..

"ਭਾਜੀ ਕੱਲ੍ਹ ਨੂੰ ਸਵੇਰੇ ਦਸ ਵਜੇ ਵੱਡੇ ਸਾਹਬ ਨੇ ਮੀਟਿੰਗ ਰੱਖੀ ਜੇ.... ਪੁੱਜ ਜਾਣਾ

ਸਵੇਰੇ ਫਿਰ ਮੁੜਨ ਦਾ ਫੈਸਲਾ ਕਰ ਬੱਸ ਦੇ ਬਾਹਰ ਵੇਖਣ ਲੱਗਾ। ਸਿਰ ਅਗਲੀ ਸੀਟ ਦੇ ਡੰਡੇ 'ਤੇ ਰੱਖ ਲਿਆ ਤੇ ਸੋਚਾਂ ਦਿਮਾਗ 'ਚੋਂ ਕੱਢ ਦਿੱਤੀਆਂ।

ਜਦ ਬੱਸ ਸ਼ਹਿਰ 'ਚ ਦਾਖ਼ਲ ਹੋਈ ਤਾਂ ਬੱਤੀਆਂ ਜਗ ਗਈਆਂ ਸਨ। ਥਰਮਲ, ਖ਼ਾਦ ਕਾਰਖ਼ਾਨਾ, ਟਾਊਨਸ਼ਿਪ, ਬੋਟਿੰਗ ਕਲੱਬ, ਸੌਪਿੰਗ ਮਾਲ ਦੀ ਝਿਲਮਿਲ ਨੇ ਰੰਗ ਬੰਨ੍ਹਿਆ ਹੋਇਆ ਸੀ। ਮਨ ਵਿੱਚ ਖੁਸ਼ੀ ਦੇ ਫੁਹਾਰੇ ਫੁੱਟਣ ਲੱਗੇ। ਬੱਸ ਸ਼ਹਿਰ ਚੀਰਦੀ ਬੱਸ ਸਟੈਂਡ ਆ ਲੱਗੀ।

ਖੁਸ਼ੀ ਦੇ ਫੁਹਾਰੇ ਗੁਬਾਰੇ ਵਾਂਗ ਫੁੱਟ ਗਏ ਜਦੋਂ ਸਾਈਕਲ ਸਟੈਂਡ ਵਾਲੇ ਮੁੰਡੇ ਨੇ ਪੰਦਰਾਂ ਦੀ ਥਾਂ ਤੀਹ ਰੁਪਏ ਮੰਗ ਲਏ। ਮੈਂ ਵੀਹ ਰੁਪਏ ਦੇ ਕੇ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕਰਨ ਲੱਗਾ, ਪਰ ਉਹ ਤਾਂ ਸੂਈ ਕੁੱਤੀ ਵਾਂਗ ਗਲ ਨੂੰ ਆ ਰਿਹਾ ਸੀ।

ਪੈਪਸੂ ਰੋਡ ਦਾ ਇਹ ਸਾਇਕਲ ਸਟੈਂਡ ਚੋਖੀ ਆਮਦਨ ਵਾਲਾ ਹੈ। ਸ਼ਹਿਰ ਦੇ ਲੀਡਰਾਂ ਦੀ ਨਜ਼ਰ ਹੇਠ ਰਹਿੰਦਾ ਹੈ। ਸਾਲ ਬਾਅਦ ਹੁੰਦਾ ਠੇਕਾ ਸ਼ਹਿਰ ਦੇ ਚੌਧਰੀਆਂ ਦੀ ਮਰਜ਼ੀ ਨਾਲ ਉਨ੍ਹਾਂ ਦੇ ਕਿਸੇ ਲੱਠਮਾਰ ਕੋਲ ਹੁੰਦਾ ਹੈ। ਇਸ ਵਾਰ ਜਥੇਦਾਰ ਰਠੋੜ ਦੇ ਬੰਦੇ ਕੋਲ ਠੇਕਾ ਹੈ। ਠੇਕੇਦਾਰ ਦਾ ਮੁੰਡਾ ਆਪਣੇ ਬਾਪ ਦੀ ਸਿਆਸੀ ਤਾਕਤ ਤੇ ਆਪਣੀ ਮੰਢੀਰ ਢਾਣੀ ਦੇ ਜ਼ੋਰ 'ਤੇ ਸਾਈਕਲ ਸਟੈਂਡ ਨੂੰ ਆਪਣੀ ਸਲਤਨਤ ਸਮਝਦੈ। ਆਪਣੇ ਆਪ ਨੂੰ ਇਸ ਦਾ

ਰਾਜਾ। ਉਸ ਨੂੰ ਲਗਦੈ ਕਿ ਮੇਰਾ ਹਰੇਕ ਬੋਲ ਹੁਕਮ ਐ, ਕਾਨੂੰਨ ਐ.... ਮੈਨੂੰ ਵੀ ਉਹ ਹੁਕਮ ਨਸ਼ਰ ਕਰ ਰਿਹਾ ਸੀ, "ਤੀਹ ਰੁਪੈ ਹੀ ਲੱਗਣਗੇ....।"

ਮੇਰਾ ਜ਼ਖ਼ਮੀ ਹੋਇਆ, ਥਾਂ ਕੁੱਥਾਂ ਤੋਂ ਭੰਨਿਆ ਪਿਆ ਸਵੈ ਮਾਣ ਮੇਰੇ ਅੰਦਰੋਂ ਸਿਰ ਚੁੱਕ ਰਿਹਾ ਸੀ। ਮੇਰਾ ਦੁਖੀ ਹਿਰਦਾ ਬੋਲ ਪਿਆ, "ਏਹ ਕੋਈ ਲੁੱਟ ਐ ਯਾਰ ਕੋਈ ਕਾਇਦਾ ਕਾਨੂੰਨ ਨੀਂ....।"

"ਪਰਚੀ ਪੜ੍ਹ ਪਰਚੀ ਪਰਚੀ ਤੇ ਲਿਖਿਐ ਅੱਠ ਵਜੇ ਤੋਂ ਬਾਅਦ ਦੂਜਾ ਕਿਰਾਇਆ।"

"ਇਹ ਪਰਚੀ ਕੋਈ ਸਵਿਧਾਨ ਦੀ ਧਾਰਾ ਐ.. ਤੁਸੀਂ ਆਪੇ ਛਪਾਈ ਐ...ਜਿਵੇਂ ਮਰਜ਼ੀ ਛਪਵਾ ਲੋ....।"

"ਛਪਾਈ ਐ ਤਾਂ ਛਪਾਈ ਸਹੀ.....।" . ਦਸ ਰੁਪਏ ਕੱਢ ਹੋਰ ਨਹੀਂ ਫੇਰ ਸਕੂਟਰ ਨੂੰ ਹੱਥ ਲਾਈਂ.....।

"ਐਂ ਕਿਵੇਂ...ਕਿਉਂ ਨਾ ਲਾਵਾਂ...।"

ਮੇਰੇ ਅੰਦਰੋਂ ਹੀ ਕੋਈ ਬੋਲ ਪਿਆ, "ਦੇ ਪਰੇ ਦਸ ਰੁਪਏ ਕਿਉਂ ਖਹਿਬੜਦੈ....। ਮੈਂ ਦਸਾਂ ਦਾ ਨੋਟ ਉਹ ਦੇ ਮੇਜ਼ 'ਤੇ ਸੁੱਟ ਦਿੱਤਾ ਤੇ ਬੁੜ-ਬੁੜ ਕਰਨ ਲੱਗਾ 'ਕੋਈ ਕਾਨੂੰਨ ਨੀਂ ਸਾਲਾ... ਏਸ ਦੇਸ ਦਾ ਕੋਈ ਪੁੱਛਣ ਵਾਲਾ ਨ੍ਹੀਂ... ਕਿਤੇ ਸੁਣਵਾਈ ਨ੍ਹੀ...

ਮੈਂ ਸਕੂਟਰ ਨੂੰ ਕਿੱਕ ਮਾਰੀ ਤਾਂ ਉਹ ਓਵਰ ਹੋਇਆ ਪਿਆ ਸੀ। ਮੇਰੀ ਖਿੱਝ ਹੋਰ ਵਧ ਗਈ। ਬੁੜ ਬੁੜ ਹੌਲੀ ਹੋ ਗਈ। ਖਿੱਝ ਤੇ ਬੁੜ ਬੁੜ ਰਲਕੇ ਮੇਰੇ ਅੰਦਰ ਭੜਥੂ ਪਾਉਣ ਲਗੀਆਂ.... ਕਿ ਠੇਕੇਦਾਰ ਦੇ ਮੁੰਡੇ ਦੀ ਗਰਜਵੀਂ ਅਵਾਜ਼ ਮੇਰੇ ਕੰਨੀਂ ਪਈ....।

"ਸ਼ੇਰੂ ਏਸ ਸਾਲੇ ਭਾਈਏ ਦਾ ਸੈਕਲ ਖੋਹ ਕੇ ਅੰਦਰ ਲਾ ਦੇ।"

"ਐਸੇ ਕਾਂਹੇ ਕੋ... ਮੈਨੇ ਨੌਂ ਵਜੇ ਸਾਈਕਲ ਲਗਾਇਆ ਥਾਂ ਸਟੈਂਡ ਪਰ..... ਅਭੀ ਨੌਂ ਵੀ ਨੀਂ ਵਜੇ .... ਬਾਰਾਂ ਘੰਟੇ ਵੀ ਨਹੀਂ ਹੁਏ.... ਕਿਰਾਇਆ ਡਬਲ ਮਾਂਗਤ

"ਤੁਝੇ ਬਤਾ ਦੀਆ ਨਾ ਭਈਆ....ਤੀਸ ਰੁਪੈ ਦੋ.....ਔਰ ਸਾਇਕਲ ਲੈ ਜੋ...।" ਪਰਵਾਸੀ, ਬਿਹਾਰੀ ਮਜ਼ਦੂਰ ਬੇਵੱਸ ਸੀ। ਬਗਾਨੇ ਦੇਸ਼ ਉਹ ਭਾਈਆਂ ਬਾਝ ਖੜ੍ਹਾ ਸੀ....।

'ਉਹ ਤਾਂ ਬਿਗਾਨੇ ਦੇਸ਼ ਐ... ਤੂੰ ਤਾਂ ਆਪਣੇ ਦੇਸ਼ ਆਪਣੇ ਘਰੇ ਐਂ... ਤੂੰ ਕੀ ਕਰ ਲਿਆ ਥਾਂ ਥਾਂ ਧੱਕਾ ਜਰੀ ਜਾਨੈ।' ਮੇਰੇ ਅੰਦਰੋਂ ਆਵਾਜ਼ ਆਈ।

ਭਈਆ ਵੀ ਕੀ ਕਰਦਾ ਵਿਚਾਰਾ। ਉਸ ਤੀਹ ਰੁਪਏ ਫੜਾਏ। ਬਿਨਾਂ ਕੁਝ ਬੋਲੇ ਸਾਈਕਲ ਦੇ ਹੈਂਡਲ ਨੂੰ ਹੱਥ ਜਾ ਪਾਇਆ। ਇਧਰ ਕਿੱਕਾਂ ਮਾਰਦੇ ਦਾ ਮੇਰਾ ਸਕੂਟਰ ਵੀ ਸਟਾਰਟ ਹੋ

ਗਿਆ ਸੀ। ਸਾਰੀ ਖਿਝ ਤੇ ਗੁਸੇ ਨਾਲ ਮੇਰੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ, "ਏਹ... ਪੈਸੇ ਮਰਗ 'ਤੇ ਲੱਗਣਗੇ ਥੋੜੇ ਭੋਗ 'ਤੇ।"

ਮੈਂ ਅਜੇ ਗੇਅਰ ਪਾ ਕੇ ਸਕੂਟਰ ਤੋਰਿਆ ਵੀ ਨਹੀਂ ਸੀ ਕਿ ਠੇਕੇਦਾਰ ਮੁੰਡਾ ਸ਼ੇਰ ਵਾਂਗ ਝਪਟ ਮਾਰ ਕੇ ਅੱਗੇ ਆ ਖੜ੍ਹਾ....।

"ਤੂੰ ਬੋਲਦਾ ਕਿਵੇਂ ਐ ਉਏ.... ਭੈਣ ਦੇਣਿਆ।"

ਮੇਰੇ ਔਸਾਨ ਮਾਰੇ ਗਏ। ਉਸ ਦੀ ਤੀਰ ਵਾਂਗ ਸਿੱਧੀ ਕੀਤੀ ਉਂਗਲ ਮੇਰੇ ਵੱਲ ਸੱਪ ਵਾਂਗ ਝਾਕ ਰਹੀ ਸੀ।

ਗੁਸੇ ਨਾਲ ਮੇਰਾ ਸਿਰ ਫੱਟਣ 'ਤੇ ਆਇਆ ਪਿਆ ਸੀ। ਦਿਲ ਦੀ ਧੜਕਣ ਤੇਜ਼ ਹੋਈ ਜਾਂਦੀ ਸੀ। ਮੇਰਾ ਅੰਦਰ ਡਰੀ ਜਾਂਦਾ ਸੀ। ਇਹ ਹੱਟਾ ਕੱਟਾ ਗੱਭਰੂ ਨੌਜਵਾਨ .... ਇਸ ਦੇ ਪਿੱਛੇ ਖੜ੍ਹੇ ਜਥੇਦਾਰ ਰਠੌੜ ਤੇ ਮੰਤਰੀ .....ਪਰ ਫਿਰ ਵੀ ਅੰਦਰੋਂ ਗੁੱਸੇ ਦੇ ਭਰੇ ਬੋਲ ਨਿਕਲੇ।

"ਖ਼ਬਰਦਾਰ ਜੇ ਹੋਰ ਬੋਲਿਐਂ .....ਦੇਖੀਂ ਕਿਤੇ ਹੱਥ ਚੱਕ ਬੈਠੇਂ....।"

ਖੈਰ ਹੱਥ ਤਾਂ ਉਸ ਨੇ ਨਾ ਚੁੱਕਿਆ। ਸਟੈਂਡ ਦੇ ਦੋਵੇਂ ਨੌਕਰ ਤੇ ਇੱਕ ਦੋ ਬੰਦੇ ਹੋਰ ਉਸ ਨੂੰ ਧੂਹ ਕੇ ਲੈ ਗਏ। ਪਰ ਗਾਲਾਂ ਉਹ ਇੱਕ ਦੋ ਹੋਰ ਕੱਢ ਗਿਆ।

ਮੇਰੇ ਕੋਲ ਉਥੋਂ ਤੁਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਪੁਲੀਸ ਕਪਤਾਨ, ਡਿਪਟੀ ਕਮਿਸ਼ਨਰ ਦਾ ਦਫ਼ਤਰ ਤੇ ਕੋਠੀ ਉਥੋਂ ਨੇੜੇ ਹੀ ਸਨ। ਜਨ ਚੇਤਨਾ ਮੰਚ ਦਾ ਦਫ਼ਤਰ ਵੀ ਨਜ਼ਦੀਕ ਹੀ ਸੀ। ਘਰ, ਕੋਠੀ, ਦਫ਼ਤਰ, ਮੰਚ ਦੀਆਂ ਸੋਚਾਂ ਸੋਚਦੇ ਨੇ ਮੈਂ ਸਕੂਟਰ ਪੈਟਰੋਲ ਪੰਪ 'ਤੇ ਜਾ ਲਾਇਆ। ਮੈਨੂੰ ਪਹਿਲਾਂ ਫ਼ਿਕਰ ਤੇਲ ਮੁੱਕ ਜਾਣ ਤੋਂ ਸਕੂਟਰ ਰੁਕ ਜਾਣ ਦਾ ਹੋ ਗਿਆ ਸੀ।

ਮੈਂ ਤਾਂ ਫੈਸਲਾ ਨਹੀਂ ਕੀਤਾ। ਮੈਂ ਤਾਂ ਫੈਸਲਾ ਕਰਨ ਦੀ ਅਵਸਥਾ ਵਿੱਚ ਹੀ ਨਹੀਂ ਸੀ। ਗੁੱਸੇ, ਹੀਣਤਾ, ਬੇਇੱਜ਼ਤੀ, ਜਲਾਲਤ ਨੇ ਮੈਨੂੰ ਬੇਸੁਰਤ ਕੀਤਾ ਹੋਇਆ ਸੀ। ਫੈਸਲਾ ਪਤਾ ਨਹੀਂ ਕਿਵੇਂ ਹੋਇਆ ਮੈਂ ਘਰ ਆ ਗਿਆ।

ਘਰੇ ਆਇਆ ਤਾਂ ਲਾਈਟ ਸਾਡੇ ਘਰ ਦੀ ਹੀ ਨਹੀਂ ਸਾਰੀ ਕਲੋਨੀ ਦੀ ਗੁੱਲ ਸੀ। ਟਰਾਂਸਫਾਰਮਰ ਸੜ ਗਿਆ ਸੀ। ਇਨਵਰਟਰ ਨਾਲ ਚੱਲਦੇ ਇੱਕ ਬਲਬ ਤੇ ਇੱਕ ਪੱਖੇ ਨਾਲ ਕੰਮ ਨਹੀਂ ਚੱਲਦਾ ਸੀ।

ਮੈਂ ਬਿਨਾਂ ਨਹਾਤੇ, ਬਿਨਾਂ ਖਾਧੇ ਮੰਜਾ ਮੇਲ ਲਿਆ। ਪਰ ਨੀਂਦ ਕਿੱਥੇ... ਨੀਂਦ ਤਾਂ ਸਹਿਜ ਅਵਸਥਾ 'ਚ ਹੀ ਆਉਂਦੀ ਹੁੰਦੀ ਹੈ। ਪਰ ਨੀਂਦ..... ਨੀਂਦ ਤਾਂ ਕਹਿੰਦੇ ਸੂਲੀ 'ਤੇ ਵੀ ਆ

ਜਾਂਦੀ ਹੈ। ਮੈਨੂੰ ਪਤਾ ਨਹੀਂ ਕਦੋਂ ਨੀਂਦ ਆ ਗਈ.. ਤੇ ਨੀਂਦ ਵਿੱਚ ਸੁਫ਼ਨਾ ਵੀ... ਸੁਫਨੇ ਵਿੱਚ ਕਾਲਜ ਵਿੱਚ ਕਵੀ ਦਰਬਾਰ ਹੋ ਰਿਹਾ ਸੀ। ਪੰਜਾਬ ਭਰ ਦੇ ਕਵੀ ਆਏ ਹੋਏ ਸਨ। ਇੱਕ ਕਵੀ ਸਟੇਜ 'ਤੇ ਕਵਿਤਾ ਪੜ੍ਹ ਰਿਹਾ ਸੀ....

ਮੈਂ ਘਰ ਦੀ ਅੱਗ ਛੁਪਾਂਦਾ ਸਾਂ,
ਧੂੰ ਰੋਸ਼ਨਦਾਨੋ ਨਿਕਲ ਗਿਆ,
ਜੇ ਗੈਰਾਂ ਲਈ ਤਪ ਉਠਦਾ ਸੀ,
ਉਹ ਲਹੂ ਸ਼ਿਰਾਨੋ ਨਿਕਲ ਗਿਆ....'

ਮੈਨੂੰ ਇੱਕਦਮ ਜਾਗ ਆ ਗਈ। ਸੁਫ਼ਨੇ ਦੇ ਬੋਲ ਅਜੇ ਵੀ ਮੇਰੇ ਅੰਦਰ ਗੂੰਜ ਰਹੇ ਸਨ। ਮੈਨੂੰ ਕੱਲ੍ਹ ਦੇ ਦਿਨ ਦੀਆਂ ਘਟਨਾਵਾਂ 'ਤੇ ਪਛਤਾਵਾ ਆ ਰਿਹਾ ਸੀ। ਆਪਣੇ ਆਪ 'ਤੇ ਗੁੱਸਾ ਵੀ। ਮੈਂ ਬੋਲਿਆ ਕਿਉਂ ਨਹੀਂ। ਕਿਤੇ ਮੇਰੀਆਂ ਨਾੜਾਂ ਵਿੱਚ ਵੀ...!

ਮੈਂ ਇਨ੍ਹਾਂ ਵਹਿਣਾਂ ਵਿੱਚ ਵਹਿ ਰਿਹਾ ਸਾਂ ਕਿ ਮੇਨ ਗੇਟ ਕੋਲ ਕੁਝ ਡਿੱਗਣ ਦਾ ਖੜਾਕ ਹੋਇਆ। ਮੈਂ ਉਠ ਕੇ ਵੇਖਿਆ ਅਖ਼ਬਾਰ ਸੀ।

ਮੈਂ ਨਹਾਉਣ ਚਲਾ ਗਿਆ। ਪਾਰਕ ਵਿੱਚ ਕੋਇਲ ਅੱਜ ਫਿਰ ਬੋਲ ਰਹੀ ਸੀ। ਮੈਂ ਤਿਆਰ ਹੋ ਸਕੂਟਰ ਬਾਹਰ ਕੱਢਿਆ। ਪਰ ਅੱਜ ਮਨ ਖੁਸ਼ ਨਹੀਂ ਸੀ। ਸਗੋਂ ਸੋਚਵਾਨ ਹੋਇਆ ਪਿਆ ਸੀ ਕਿ ਕਿਉਂ ਖ਼ੂਨ ਨਾੜਾਂ ਵਿੱਚ ਜੰਮ ਜਾਂਦਾ ਹੈ।